# ਇੱਕ-ਵਾਰ-ਵਰਤੋਂ ਯੋਗ ਅਤੇ ਹੋਰ ਪਲਾਸਟਿਕ ਚੀਜ਼ਾਂ ਬਾਰੇ ਪ੍ਰਸਤਾਵਿਤ 2023 ਸੋਧ ਕਾਨੂੰਨ

# ਵਿਆਖਿਆਤਮਕ ਟਿੱਪਣੀਆਂ

Government of South Australia
Green Industries SA

## ਸੰਖੇਪ ਜਾਣਕਾਰੀ

4 ਨਵੰਬਰ 2022 ਨੂੰ, ਸਾਊਥ ਆਸਟ੍ਰੇਲੀਆ ਦੇ ਡਿਪਟੀ ਪ੍ਰੀਮੀਅਰ, ਮਾਨਯੋਗ ਸੂਜ਼ਨ ਕਲੋਜ਼ ਐਮ.ਪੀ., ਨੇ ਅਗਲੇ 3 ਸਾਲਾਂ ਵਿੱਚ ਹੋਰ ਵਧੇਰੇ ਇੱਕ-ਵਾਰ-ਵਰਤੋਂ ਯੋਗ ਅਤੇ ਹੋਰ ਪਲਾਸਟਿਕ ਚੀਜ਼ਾਂ ਨੂੰ ਪੜਾਅਵਾਰ ਬੰਦ ਕਰਨ ਲਈ ਅਗਲੇ ਕਦਮਾਂ ਦੀ ਘੋਸ਼ਣਾ ਕੀਤੀ।

1 ਸਤੰਬਰ 2023 ਤੋਂ ਸਾਊਥ ਆਸਟ੍ਰੇਲੀਆ ਵਿੱਚ ਇਨ੍ਹਾਂ ਚਾਰ ਪਲਾਸਟਿਕ ਚੀਜ਼ਾਂ ਦੀ ਵਿਕਰੀ, ਸਪਲਾਈ ਜਾਂ ਵੰਡ 'ਤੇ ਪਾਬੰਦੀ ਹੋਵੇਗੀ, ਜਿਸ ਵਿੱਚ ਸ਼ਾਮਲ ਹਨ:

- ਪਲਾਸਟਿਕ ਦੇ ਪੀਜ਼ਾ ਸੇਵਰ
- ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਕੰਨ ਸਾਫ਼ ਕਰਨ ਵਾਲੇ ਫ਼ੰਬੇ
- ਭੋਜਨ ਅਤੇ ਪੀਣ ਵਾਲੇ ਪਦਾਰਥਾਂ ਲਈ ਬਿਨ੍ਹਾਂ ਢੱਕਣ ਵਾਲੇ ਪਲਾਸਟਿਕ ਦੇ ਕਟੋਰੇ
- ਭੋਜਨ ਲਈ ਇੱਕ ਵਾਰ ਵਰਤੋਂ ਵਾਲੀਆਂ ਪਲਾਸਟਿਕ ਦੀਆਂ ਪਲੇਟਾਂ।

ਹੋਰ ਵਧੇਰੇ ਪਲਾਸਟਿਕ ਦੀਆਂ ਚੀਜ਼ਾਂ ਨੂੰ *Single-use and Other Plastic Products (Waste Avoidance) Act 2020 (ਇੱਕ-ਵਾਰ-ਵਰਤੋਂ ਯੋਗ ਅਤੇ ਹੋਰ ਪਲਾਸਟਿਕ ਉਤਪਾਦ (ਕੂੜਾ ਬਚਾਓ) ਐਕਟ 2020)* ਵਿੱਚ ਸ਼ਾਮਲ ਕਰਨ ਲਈ, ਇਸ ਐਕਟ ਦੀ ਧਾਰਾ 6(1)(h) ਦੇ ਅਧੀਨ ਨਿਯਮਾਂ ਵਿੱਚ ਲਾਜ਼ਮੀ ਤਬਦੀਲੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਸਾਊਥ ਆਸਟ੍ਰੇਲੀਆ ਦੀ ਸਰਕਾਰ ਪ੍ਰਸਤਾਵਿਤ ਛੋਟਾਂ ਸਮੇਤ *Single-use and Other Plastic Products (Waste Avoidance) (Prohibited Plastic Products) Amendment Regulations 2023'* ('ਇੱਕ-ਵਾਰ-ਵਰਤੋਂ ਯੋਗ ਅਤੇ ਹੋਰ ਪਲਾਸਟਿਕ ਉਤਪਾਦ (ਕੂੜਾ ਬਚਾਓ) (ਪਾਬੰਦੀਸ਼ੁਦਾ ਪਲਾਸਟਿਕ ਉਤਪਾਦ) ਸੋਧ ਕਾਨੂੰਨ 2023') ਦੇ ਖਰੜੇ 'ਤੇ ਉਦਯੋਗਾਂ, ਕਾਰੋਬਾਰਾਂ ਅਤੇ ਵਿਆਪਕ ਭਾਈਚਾਰੇ ਤੋਂ ਫੀਡਬੈਕ ਦੀ ਮੰਗ ਕਰ ਰਹੀ ਹੈ।

ਹੇਠਾਂ ਦਿੱਤੇ ਪੰਨਿਆਂ 'ਤੇ ਪ੍ਰਸਤਾਵਿਤ ਕਾਨੂੰਨਾਂ ਅਤੇ ਪਰਿਭਾਸ਼ਾਵਾਂ ਅਤੇ ਛੋਟਾਂ ਨੂੰ ਬਣਾਉਣ ਵਾਲੀ ਜਾਣਕਾਰੀ ਦੇ ਕਾਰਕਾਂ ਦਾ ਸਾਰ ਦਿੱਤਾ ਗਿਆ ਹੈ।

## 1. ਪਲਾਸਟਿਕ ਦੇ ਪੀਜ਼ਾ ਸੇਵਰ

ਸਾਊਥ ਆਸਟ੍ਰੇਲੀਆ ਪਲਾਸਟਿਕ ਦੇ ਪੀਜ਼ਾ ਸੇਵਰਾਂ 'ਤੇ ਪਾਬੰਦੀ ਲਗਾਉਣ ਵਾਲਾ ਆਸਟ੍ਰੇਲੀਆ ਦਾ ਪਹਿਲਾ ਅਧਿਕਾਰ ਖੇਤਰ ਹੋਵੇਗਾ।

ਸਮੱਗਰੀ ਰਿਕਵਰੀ ਸੁਵਿਧਾਵਾਂ ਵਿੱਚ ਰੀਸਾਈਕਲਿੰਗ ਲਈ ਪੀਜ਼ਾ ਸੇਵਰਾਂ ਨੂੰ ਫੜਨਾ ਮੁਸ਼ਕਲ ਹੁੰਦਾ ਹੈ ਅਤੇ ਜੇਕਰ ਇਹਨਾਂ ਚੀਜ਼ਾਂ ਨੂੰ ਪੀਜ਼ੇ ਦੇ ਡੱਬੇ ਅਤੇ/ਜਾਂ ਬਚੇ ਹੋਏ ਪੀਜ਼ੇ ਨਾਲ ਹੀ ਹਰੇ ਜੈਵਿਕ ਕੂੜੇਦਾਨ ਵਿੱਚ (ਭਾਵੇਂ ਜਾਣਬੁੱਝ ਕੇ ਜਾਂ ਅਣਜਾਣੇ ਵਿੱਚ) ਸੁੱਟ ਦਿੱਤਾ ਜਾਵੇ ਤਾਂ ਇਹ ਜੈਵਿਕ ਰੀਸਾਈਕਲਿੰਗ ਪ੍ਰਵਾਹ ਵਿੱਚ ਪ੍ਰਦੂਸ਼ਣ ਦਾ ਸਰੋਤ ਵੀ ਬਣ ਸਕਦਾ ਹੈ । ਗੱਤੇ ਦੇ ਪੀਜ਼ੇ ਵਾਲੇ ਡੱਬੇ ਸਾਊਥ ਆਸਟ੍ਰੇਲੀਆ ਵਿੱਚ ਸਾਰੇ ਮੈਟਰੋਪੋਲੀਟਨ ਅਤੇ ਬਹੁਤ ਸਾਰੀਆਂ ਖੇਤਰੀ ਇਲਾਕੇ ਦੀਆਂ ਕੌਂਸਲਾਂ ਵਿੱਚ ਸੜਕ ਕਿਨਾਰੇ ਰੱਖੇ ਜਾਣ ਵਾਲੇ ਜੈਵਿਕ ਕੂੜੇਦਾਨ ਵਿੱਚ ਸਵੀਕਾਰ ਕੀਤੇ ਜਾਂਦੇ ਹਨ। ਇਸ ਕਾਨੂੰਨ ਦਾ ਮੁੱਖ ਉਦੇਸ਼ ਪਲਾਸਟਿਕ ਦੇ ਨਾਲ ਪ੍ਰਦੂਸ਼ਣ ਨੂੰ ਘਟਾਉਣ ਦੇ ਨਾਲ-ਨਾਲ ਘਰੇਲੂ ਅਤੇ ਵਪਾਰਕ ਹਰੇ ਜੈਵਿਕ ਕੂੜੇਦਾਨਾਂ ਰਾਹੀਂ ਜੈਵਿਕ ਪਦਾਰਥਾਂ ਦੀ ਰਿਕਵਰੀ ਨੂੰ ਵਧਾਉਣ ਦਾ ਸਮਰਥਨ ਕਰਨਾ ਹੈ।

ਇਹ ਪ੍ਰਸਤਾਵਿਤ ਪਰਿਭਾਸ਼ਾ ਸਪੱਸ਼ਟ ਕਰਦੀ ਹੈ ਕਿ ਇਹ ਕਾਨੂੰਨ ਕਿਸੇ ਅਜਿਹੀ ਵਸਤੂ ਨੂੰ ਕਵਰ ਕਰਨ ਲਈ ਨਹੀਂ ਹਨ ਜੋ ਆਮ ਪੀਜ਼ਾ ਸੇਵਰ (ਉਦਾਹਰਨ ਲਈ, ਪਲਾਸਟਿਕ ਦਾ ਮੇਜ਼ ਖਿਡੌਣੇ) ਵਰਗੀ ਹੋ ਸਕਦੀ ਹੈ ਜੋ ਪੀਜ਼ੇ ਦੇ ਡੱਬੇ ਵਿੱਚ ਨਹੀਂ ਪਾਈ ਜਾਂਦੀ ਹੈ।

### ਫੀਡਬੈਕ ਲੋੜੀਦੀ ਹੈ

ਕੀ ਇਸ ਕਾਨੂੰਨ ਨਾਲ ਕੋਈ ਸਮੱਸਿਆਵਾਂ ਜਾਂ ਸੰਭਾਵੀ ਅਣਇੱਛਤ ਸਿੱਟੇ ਸੰਬੰਧ ਰੱਖਦੇ ਹਨ?




## 2. ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਕੰਨ ਸਾਫ਼ ਕਰਨ ਵਾਲੇ ਫ਼ੰਬੇ

ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਕੰਨ ਸਾਫ਼ ਕਰਨ ਵਾਲੇ ਫ਼ੰਬੇ ਅਕਸਰ ਟਾਇਲਟ ਵਿੱਚ ਫਲੱਸ਼ ਕਰ ਦਿੱਤੇ ਜਾਂਦੇ ਹਨ ਅਤੇ, ਉਹਨਾਂ ਦੇ ਭਾਰ ਅਤੇ ਛੋਟੇ ਆਕਾਰ ਦੇ ਕਾਰਨ, ਸੀਵਰੇਜ ਫਿਲਟਰੇਸ਼ਨ ਪ੍ਰਣਾਲੀਆਂ ਵਿੱਚੋਂ ਲੰਘ ਕੇ ਸਮੁੰਦਰੀ ਵਾਤਾਵਰਣ ਵਿੱਚ ਜਾ ਸਕਦੇ ਹਨ। WWF-Australia ਉਹਨਾਂ ਨੂੰ ਆਸਟ੍ਰੇਲੀਆ ਵਿੱਚ ਚੋਟੀ ਦੇ 10 ਸਭ ਤੋਂ ਵੱਧ ਘਟੀਆਂ ਇੱਕ-ਵਾਰ-ਵਰਤੋਂ ਯੋਗ ਵਾਲੇ ਪਲਾਸਟਿਕ ਦੀ ਸੂਚੀ ਵਿੱਚ ਸ਼ਾਮਲ ਕਰਦਾ ਹੈ।

ਇਹ ਚੀਜ਼ਾਂ ਆਸਟ੍ਰੇਲੀਆ ਦੇ ਜ਼ਿਆਦਾਤਰ ਅਧਿਕਾਰ ਖੇਤਰਾਂ (ਤਸਮਾਨੀਆ ਅਤੇ ਨੌਰਥਰਨ ਟ੍ਰੀਟਰੀ ਨੂੰ ਛੱਡ ਕੇ) ਵਿੱਚ ਪਾਬੰਦੀਸ਼ੁਦਾ ਹਨ, ਜਾਂ ਪਾਬੰਦੀ ਲੱਗਣ ਦੀ ਪ੍ਰਕਿਰਿਆ ਵਿੱਚ ਹਨ ਅਤੇ ਨਿਊਜ਼ੀਲੈਂਡ ਵਿੱਚ ਵੀ ਪਾਬੰਦੀ ਲਗਾਈ ਗਈ ਹੈ।

ਸਾਊਥ ਆਸਟ੍ਰੇਲੀਆ ਵਿੱਚ, ਇਹ ਇਰਾਦਾ ਹੈ ਕਿ ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਕੰਨ ਸਾਫ਼ ਕਰਨ ਵਾਲੇ ਫ਼ੰਬਿਆਂ ਨੂੰ ਆਮ ਲੋਕਾਂ ਨੂੰ ਵਿਕਰੀ ਤੋਂ ਹਟਾ ਦਿੱਤਾ ਜਾਵੇ। ਮੈਡੀਕਲ, ਵਿਗਿਆਨਕ, ਕਾਨੂੰਨ ਲਾਗੂ ਕਰਨ ਜਾਂ ਫੋਰੈਂਸਿਕ ਉਦੇਸ਼ਾਂ ਲਈ ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਕੰਨ ਸਾਫ਼ ਕਰਨ ਵਾਲੇ ਫ਼ੰਬਿਆਂ ਦੀ ਨਿਰੰਤਰ ਵਿਕਰੀ, ਸਪਲਾਈ ਜਾਂ ਵੰਡ ਕਰਨ ਦੀ ਆਗਿਆ ਦੇਣ ਲਈ ਛੋਟਾਂ ਦਾ ਖਰੜਾ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਫਸਟ ਏਡ ਅਤੇ ਟੈਸਟਿੰਗ ਕਿੱਟਾਂ ਵਿੱਚ ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਕੰਨ ਸਾਫ਼ ਕਰਨ ਵਾਲੇ ਫ਼ੰਬਿਆਂ ਦਾ ਹੋਣਾ ਸ਼ਾਮਲ ਹੈ।

ਇਹ ਪ੍ਰਸਤਾਵਿਤ ਕਾਨੂੰਨ ਹੋਰ ਆਸਟ੍ਰੇਲੀਆਈ ਅਧਿਕਾਰ ਖੇਤਰਾਂ ਅਤੇ ਨਿਊਜ਼ੀਲੈਂਡ ਵਿਚਲੀਆਂ ਛੋਟਾਂ ਨੂੰ ਦਰਸਾਉਂਦੇ ਹਨ।

ਸਾਰੇ ਮੌਜੂਦਾ ਕਾਨੂੰਨਾਂ ਦੀ ਸਮੀਖਿਆ ਤੋਂ ਬਾਅਦ, ਇਹ ਪ੍ਰਸਤਾਵਿਤ ਕੀਤਾ ਗਿਆ ਹੈ ਕਿ ਸਾਊਥ ਆਸਟ੍ਰੇਲੀਆ ਵੀ ਨਿਊਜ਼ੀਲੈਂਡ ਦੇ *Waste Minimisation (Plastic and Related Products)* Regulations 2022 (ਕੂੜਾ ਘਟਾਉਣ (ਪਲਾਸਟਿਕ ਅਤੇ ਸੰਬੰਧਿਤ ਉਤਪਾਦਾਂ) ਦਾ ਕਾਨੂੰਨ 2022) ਦੀ ਪਰਿਭਾਸ਼ਾ ਵਰਗੀ ਹੀ ਪਰਿਭਾਸ਼ਾ ਦੀ ਵਰਤੋਂ ਕਰੇਗਾ, ਜਿਸ ਵਿੱਚ ਕਪਾਹ ਦੀ ਉੱਨ ਜਾਂ ਸਿੰਥੈਟਿਕ ਫਾਈਬਰ ਵਾਲੇ ਕਪਾਹ ਦੇ ਫੰਬਿਆਂ ਦੀ ਸੰਭਾਵਨਾ ਨੂੰ ਸ਼ਾਮਲ ਕੀਤਾ ਗਿਆ ਹੈ।

### ਫੀਡਬੈਕ ਲੋੜੀਦੀ ਹੈ

ਕੀ ਇਹ ਕਾਨੂੰਨ ਸਾਊਥ ਆਸਟ੍ਰੇਲੀਆ ਦੇ ਸਮੁੰਦਰੀ ਵਾਤਾਵਰਣਾਂ ਵਿੱਚ ਪਲਾਸਟਿਕ ਦੀ ਡੰਡੀ ਵਾਲੇ ਰੂੰ ਦੇ ਕੰਨ ਸਾਫ਼ ਕਰਨ ਵਾਲੇ ਫੰਬਿਆਂ ਨੂੰ ਖ਼ਤਮ ਹੋਣ ਤੋਂ ਰੋਕਣ ਲਈ ਉਚਿਤ ਹਨ?

ਕੀ ਇਸ ਕਾਨੂੰਨ ਨਾਲ ਕੋਈ ਸਮੱਸਿਆਵਾਂ ਜਾਂ ਸੰਭਾਵੀ ਅਣਇੱਛਤ ਸਿੱਟੇ ਸੰਬੰਧ ਰੱਖਦੇ ਹਨ?

## 3. ਇੱਕ-ਵਾਰ-ਵਰਤੋਂ ਵਾਲੀਆਂ ਪਲਾਸਟਿਕ ਦੀਆਂ ਪਲੇਟਾਂ ਅਤੇ ਕਟੋਰੇ

ਇਹ ਇਰਾਦਾ ਹੈ ਕਿ ਇਹ ਪਾਬੰਦੀ ਕੇਵਲ ਇੱਕ ਵਾਰ ਵਰਤੋਂ ਵਿੱਚ ਆਉਣ ਵਾਲੇ ਬਿਨ੍ਹਾਂ ਢੱਕਣ ਵਾਲੇ ਪਲਾਸਟਿਕ ਦੇ ਕਟੋਰਿਆਂ ਅਤੇ ਇੱਕ-ਵਾਰ-ਵਰਤੋਂ ਯੋਗ ਪਲਾਸਟਿਕ ਦੀਆਂ ਪਲੇਟਾਂ ਜੋ ਭੋਜਨ ਖਾਣ ਲਈ ਬਣਾਈਆਂ ਅਤੇ ਵਰਤੀਆਂ ਜਾਂਦੀਆਂ ਹਨ, ਉਨ੍ਹਾਂ ਨਾਲ ਸੰਬੰਧਿਤ ਹੈ।

ਢੱਕਣਾਂ ਵਾਲੇ ਪਲਾਸਟਿਕ ਦੇ ਕਟੋਰੇ, ਢੱਕਣਾਂ ਵਾਲੇ ਪਲਾਸਟਿਕ ਦੇ ਕੱਪ, ਅਤੇ ਭੋਜਨ ਵਾਲੇ ਪਲਾਸਟਿਕ ਦੇ ਡੱਬਿਆਂ ਨੂੰ ਸਤੰਬਰ 2024 ਵਿੱਚ ਪਾਬੰਦੀਸ਼ੁਦਾ ਉਤਪਾਦਾਂ ਵਿੱਚ ਸ਼ਾਮਲ ਕੀਤਾ ਜਾਵੇਗਾ ਅਤੇ ਉਹਨਾਂ ਨਿਯਮਾਂ ਦੇ ਖਰੜੇ ਤੋਂ ਪਹਿਲਾਂ 2023 ਵਿੱਚ ਹੋਰ ਸਲਾਹ-ਮਸ਼ਵਰਾ ਕੀਤਾ ਜਾਵੇਗਾ। ਇਸ ਲਈ, ਮੌਜੂਦਾ ਖਰੜੇ ਦੇ ਕਾਨੂੰਨ ਇਹ ਸਪੱਸ਼ਟ ਕਰਦੇ ਹਨ ਕਿ ਕੇਵਲ ਪਲਾਸਟਿਕ ਦੇ ਉਹ ਕਟੋਰੇ ਜੋ ਭੋਜਨ ਖਾਣ ਲਈ ਤਿਆਰ ਕੀਤੇ ਅਤੇ ਬਣਾਏ ਗਏ ਹਨ ਅਤੇ ਬਿਨ੍ਹਾਂ ਢੱਕਣ ਦੇ ਹੁੰਦੇ ਹਨ, ਉਨ੍ਹਾਂ 'ਤੇ ਪਾਬੰਦੀ ਹੈ।

ਵੈਸਟਰਨ ਆਸਟ੍ਰੇਲੀਆ, ਕੁਈਨਜ਼ਲੈਂਡ ਅਤੇ ਨਿਊ ਸਾਊਥ ਵੇਲਜ਼ ਸਮੇਤ ਕਈ ਅਧਿਕਾਰ ਖੇਤਰਾਂ ਨੇ ਪਹਿਲਾਂ ਹੀ ਬਿਨ੍ਹਾਂ ਢੱਕਣ ਵਾਲੀਆਂ ਪਲਾਸਟਿਕ ਦੀਆਂ ਪਲੇਟਾਂ ਅਤੇ ਕਟੋਰਿਆਂ 'ਤੇ ਪਾਬੰਦੀ ਲਗਾ ਦਿੱਤੀ ਹੈ। ਵਿਕਟੋਰੀਆ ਵਿੱਚ ਪਲਾਸਟਿਕ ਦੀਆਂ ਪਲੇਟਾਂ (ਪਰ ਪਲਾਸਟਿਕ ਦੇ ਕਟੋਰਿਆਂ 'ਤੇ ਨਹੀਂ) 'ਤੇ ਪਾਬੰਦੀ 1 ਫਰਵਰੀ 2023 ਤੋਂ ਸ਼ੁਰੂ ਹੋਵੇਗੀ। ਹਾਲ ਹੀ ਦੇ ਸਲਾਹ-ਮਸ਼ਵਰੇ ਵਿੱਚ, ਆਸਟ੍ਰੇਲੀਅਨ ਕੈਪੀਟਲ ਟੈਰੀਟਰੀ ਨੇ 1 ਜੁਲਾਈ 2023 ਤੋਂ ਪਲਾਸਟਿਕ ਦੀਆਂ ਪਲੇਟਾਂ ਅਤੇ ਪਲਾਸਟਿਕ ਦੇ ਕਟੋਰਿਆਂ 'ਤੇ ਪਾਬੰਦੀ ਲਗਾਉਣ ਦਾ ਪ੍ਰਸਤਾਵ ਦਿੱਤਾ ਹੈ।

### *3.1. ਪਲਾਸਟਿਕ ਦੀ ਪਰਤ ਵਾਲੀਆਂ ਕਾਗਜ਼ ਦੀਆਂ ਪਲੇਟਾਂ ਅਤੇ ਕਟੋਰੇ*

ਪਲਾਸਟਿਕ ਦੀ ਪਰਤ ਵਾਲੀਆਂ ਕਾਗਜ਼ ਦੀਆਂ ਪਲੇਟਾਂ ਅਤੇ ਕਟੋਰੇ ਆਮ ਤੌਰ 'ਤੇ ਜਨਮਦਿਨ ਅਤੇ ਹੋਰ ਜਸ਼ਨ ਸਮਾਗਮਾਂ ਲਈ ਵਰਤੇ ਜਾਂਦੇ ਹਨ। ਇਹ ਚੀਜ਼ਾਂ ਚਮਕਦਾਰ ਨਮੂਨਿਆਂ, ਮੌਕੇ ਦੇ ਵਧਾਈ ਸੁਨੇਹਿਆਂ ਅਤੇ ਉਨ੍ਹਾਂ ਉਪਰ ਬਣੇ ਕਾਰਟੂਨ ਪਾਤਰਾਂ ਦੁਆਰਾ ਪਛਾਣੀਆਂ ਜਾ ਸਕਦੀਆਂ ਹਨ।

ਛਾਪੇ ਵਾਲੀਆਂ ਪੇਪਰ ਦੀਆਂ ਪਲੇਟਾਂ ਅਤੇ ਕਟੋਰਿਆਂ ਨੂੰ ਇਹ ਯਕੀਨੀ ਬਣਾਉਣ ਲਈ ਇੱਕ ਪਤਲੀ ਪਲਾਸਟਿਕ ਦੀ ਪਰਤ ਚੜ੍ਹਾਉਣ ਦੀ ਲੋੜ ਹੁੰਦੀ ਹੈ ਕਿ ਇਹ ਭੋਜਨ ਖਾਣ ਲਈ ਸੁਰੱਖਿਅਤ ਹਨ (ਭਾਵ, ਸਿਆਹੀ ਅਤੇ ਰੰਗਾਂ ਤੋਂ ਰੁਕਾਵਟ ਪ੍ਰਦਾਨ ਕਰਨ ਲਈ)।

ਪਲਾਸਟਿਕ ਦੀ ਪਰਤ ਵਾਲੀਆਂ ਕਾਗਜ਼ ਦੀਆਂ ਪਲੇਟਾਂ ਅਤੇ ਕਟੋਰੇ ਪੀਲੇ ਰੀਸਾਈਕਲਿੰਗ ਕੂੜੇਦਾਨ ਵਿੱਚ ਰੀਸਾਈਕਲ ਕਰਨ ਯੋਗ ਨਹੀਂ ਹਨ ਜਦੋਂ ਤੱਕ ਕਿ ਉਹ ਭੋਜਨ ਦੀ ਰਹਿੰਦ-ਖੂੰਹਦ ਤੋਂ ਮੁਕਤ ਨਹੀਂ ਹੁੰਦੇ ਹਨ। ਇਹ ਉਤਪਾਦ ਹਰੇ ਜੈਵਿਕ ਕੂੜੇਦਾਨ ਵਿੱਚ ਪ੍ਰਦੂਸ਼ਣ ਦੇ ਰੂਪ ਵਿੱਚ ਮੌਜੂਦ ਹੁੰਦੇ ਹਨ ਕਿਉਂਕਿ ਰਵਾਇਤੀ ਪਲਾਸਟਿਕ ਦੀ ਪਰਤ ਨੂੰ ਖਾਦ ਨਹੀਂ ਬਣਾਇਆ ਜਾ ਸਕਦਾ ਹੈ।

ਆਸਟ੍ਰੇਲੀਆਈ ਅਧਿਕਾਰ ਖੇਤਰਾਂ ਨੇ ਇਹਨਾਂ ਚੀਜ਼ਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਪੜਾਅਵਾਰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਹੈ।

**ਨਿਊ ਸਾਊਥ ਵੇਲਜ਼** ਅਤੇ **ਵਿਕਟੋਰੀਆ** ਦੇ ਨਿਯਮਾਂ ਵਿੱਚ 31 ਅਕਤੂਬਰ 2024 ਤੱਕ ਪਲਾਸਟਿਕ-ਲਾਈਨ ਵਾਲੀਆਂ ਪੇਪਰ ਪਲੇਟਾਂ ਲਈ ਸਮਾਂਬੱਧ ਛੋਟਾਂ ਸ਼ਾਮਲ ਹਨ। **ਆਸਟ੍ਰੇਲੀਅਨ ਕੈਪੀਟਲ ਟੈਰੀਟਰੀ** ਨੇ ਸੰਕੇਤ ਦਿੱਤਾ ਹੈ ਕਿ ਪਲਾਸਟਿਕ ਦੀਆਂ ਪਲੇਟਾਂ ਅਤੇ ਪਲਾਸਟਿਕ ਦੇ ਕਟੋਰਿਆਂ 'ਤੇ ਪ੍ਰਸਤਾਵਿਤ ਪਾਬੰਦੀ ਵਿੱਚ ਉਹੀ ਸਮਾਂ-ਬੱਧ ਛੋਟ ਸ਼ਾਮਲ ਹੋਣ ਦੀ ਸੰਭਾਵਨਾ ਹੈ। ਸਮਾਂਬੱਧ ਛੋਟ ਇਸ ਮਾਨਤਾ ਵਿੱਚ ਵਿਕਸਤ ਕੀਤੀ ਗਈ ਸੀ ਕਿ ਨਿਰਮਾਤਾਵਾਂ, ਥੋਕ ਵਿਕਰੇਤਾਵਾਂ ਅਤੇ ਪ੍ਰਚੂਨ ਵਿਕਰੇਤਾਵਾਂ ਨੇ ਪਾਬੰਦੀ ਦੇ ਲਾਗੂ ਹੋਣ ਤੋਂ ਪਹਿਲਾਂ ਸਟਾਕ ਦਾ ਪੂਰਵ-ਆਰਡਰ ਕੀਤਾ ਸੀ, ਅਤੇ ਸਰੋਤ ਵਿਕਲਪਾਂ ਨੂੰ ਸਮਾਂ ਪ੍ਰਦਾਨ ਕਰਨ ਲਈ।

**ਕੁਈਨਜ਼ਲੈਂਡ** ਅਤੇ **ਵੈਸਟਰਨ ਆਸਟ੍ਰੇਲੀਆ** ਨੇ ਪਲਾਸਟਿਕ-ਦੀ-ਪਰਤ ਵਾਲੀਆਂ ਪਲੇਟਾਂ ਜਾਂ ਪਲਾਸਟਿਕ-ਦੀ-ਪਰਤ ਵਾਲੇ ਕਟੋਰਿਆਂ ਲਈ ਇਸ ਸਮਾਂ-ਬੱਧ ਛੋਟ ਨੂੰ ਸ਼ਾਮਲ ਨਹੀਂ ਕੀਤਾ ਹੈ, ਹਾਲਾਂਕਿ 'ਪੋਲੀਮਰਦੀ ਪਰਤ ਵਾਲੀਆਂ ਪੇਪਰ ਪਲੇਟਾਂ ਅਤੇ ਕਟੋਰਿਆਂ' ਦੇ ਸੰਬੰਧ ਵਿੱਚ ਕੁਈਨਜ਼ਲੈਂਡ ਦੀ ਆਪਣੀ ਸਰਕਾਰੀ ਵੈੱਬਸਾਈਟ 'ਤੇ ਤਾਜ਼ਾ ਮਾਰਗ-ਦਰਸ਼ਨ ਨੋਟ ਇਹ ਦਰਸਾਉਂਦਾ ਹੈ ਕਿ, ਜਦੋਂ ਕਿ ਕੋਈ ਛੋਟ ਨਹੀਂ ਹੈ, ਇਸ ਥਾਂ 'ਤੇ, ਕਵੀਨਜ਼ਲੈਂਡ ਦਾ ਵਾਤਾਵਰਣ ਅਤੇ ਵਿਗਿਆਨ ਵਿਭਾਗ ਇਸ ਸਮੇਂ ਇਹਨਾਂ ਚੀਜ਼ਾਂ 'ਤੇ ਨਿਯਮਾਂ ਦੀ ਪਾਲਣਾ ਲਾਗੂ ਨਹੀਂ ਕਰੇਗਾ।

ਇਸਦੇ ਮੁਕਾਬਲੇ, **ਵੈਸਟਰਨ ਆਸਟ੍ਰੇਲੀਆ** ਦੀ ਪਾਬੰਦੀ ਸਾਰੀਆਂ ਇੱਕ-ਵਾਰ-ਵਰਤੋਂ ਵਾਲੀਆਂ ਜਾਂ ਡਿਸਪੋਜ਼ੇਬਲ ਪਲਾਸਟਿਕ ਪਲੇਟਾਂ ਅਤੇ ਪਲਾਸਟਿਕ ਦੇ ਕਟੋਰਿਆਂ ਦੀ ਵਿਕਰੀ, ਸਪਲਾਈ ਜਾਂ ਵੰਡ 'ਤੇ ਲਾਗੂ ਹੁੰਦੀ ਹੈ ਜੋ ਪਲਾਸਟਿਕ ਤੋਂ ਬਣੀਆਂ ਹੁੰਦੀਆਂ ਹਨ, ਭਾਵੇਂ ਪੂਰੀ ਜਾਂ ਅੰਸ਼ਕ ਤੌਰ 'ਤੇ ਪਲਾਸਟਿਕ ਦੀਆਂ ਬਣੀਆਂ ਹੋਣ।

ਸਾਊਥ ਆਸਟ੍ਰੇਲੀਆ ਲਈ, ਪਲਾਸਟਕਿ ਦੀ ਪਰਤ ਵਾਲੀਆਂ ਕਾਗਜ਼ ਦੀਆਂ ਪਲੇਟਾਂ ਅਤੇ ਕਟੋਰਿਆਂ ਲਈ ਸੰਭਾਵੀ ਛੋਟ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ ਇਸ ਗੱਲ 'ਤੇ ਵਚਿਾਰ ਕਰਨ ਦੇ ਮੁੱਖ ਕਾਰਕ ਇਹ ਹਨ:

- ਅਧਕਿਾਰ ਖੇਤਰਾਂ ਵਚਿ ਇੱਕਸੁਰਤਾ ਦਾ ਸਮਰਥਨ ਕਰਨਾ ਅਤੇ ਕਾਨੂੰਨ ਸੌਖਾਲਾ ਕਰਨਾ
- ਉਦਯੋਗ ਨੂੰ ਵਕਿਲਪਾਂ ਦੀ ਪਛਾਣ ਕਰਨ ਅਤੇ ਸਰੋਤ ਬਣਾਉਣ ਲਈ ਵਾਧੂ ਸਮਾਂ ਪ੍ਰਦਾਨ ਕਰਨਾ
- ਵਰਤੇ ਗਏ ਪਲਾਸਟਕਿ-ਦੀ-ਪਰਤ ਵਾਲੇ ਭੋਜਨ ਦੇ ਸਾਮਾਨ ਦੇ ਨਪਿਟਾਰੇ ਵਚਿ ਮੁਸ਼ਕਲ ਹੋਣਾ
- ਭੋਜਨ ਦੀ ਰਹਦਿ-ਖੂੰਹਦ ਦੀ ਰਕਿਵਰੀ ਵਚਿ ਉਹਨਾਂ ਦੀ ਭੂਮਕਿਾ
- ਹੋਰ ਇੱਕ-ਵਾਰ-ਵਰਤੋਂ ਵਾਲੇ ਫੂਡ ਵੇਅਰ ਉਤਪਾਦਾਂ (ਖ਼ਾਸ ਤੌਰ 'ਤੇ ਪਹਲਿਾਂ ਤੋਂ ਹੀ ਪਾਬੰਦੀਸੁਦਾ ਜਾਂ ਇਸ ਕਾਨੂੰਨ ਹੇਠ ਜਲਦੀ-ਹੀ-ਪਾਬੰਦੀਸੁਦਾ ਕੀਤੇ ਜਾ ਸਕਦੇ ਹਨ) ਦਾ ਨਪਿਟਾਰਾ ਕਵਿੇਂ ਕਰਨਾ ਹੈ ਇਸ ਬਾਰੇ ਸੰਦੇਸ਼ ਦੇਣ ਵਚਿ ਇਕਸਾਰਤਾ।

ਇਸ ਸਮੇਂ, ਖਰੜਾ ਕਾਨੂੰਨਾਂ ਵਚਿ 31 ਅਕਤੂਬਰ 2024 ਤੱਕ ਪਲਾਸਟਕਿ ਦੀ ਪਰਤ ਵਾਲੀਆਂ ਪਲੇਟਾਂ ਅਤੇ ਕਟੋਰਿਆਂ ਲਈ ਸਮਾਂ-ਬੱਧ ਛੋਟ ਸ਼ਾਮਲ ਕੀਤੀ ਗਈ ਹੈ ਤਾਂ ਜੋ ਨਊਿ ਸਾਊਥ ਵੇਲਜ਼ ਵਚਿ ਛੋਟਾਂ ਨੂੰ ਦਰਸਾਇਆ ਕੀਤਾ ਜਾ ਸਕੇ, ਜੋ ਛੇਤੀ ਹੀ ਵਕਿਟੋਰੀਆ ਵਚਿ ਲਾਗੂ ਹੋਣ ਵਾਲੀਆਂ ਹਨ, ਅਤੇ ਆਸਟ੍ਰੇਲੀਅਨ ਕੈਪੀਟਲ ਟਰਰਟ੍ਰਿੀ ਦੁਆਰਾ ਲਗਾਉਣ ਦੀ ਉਮੀਦ ਕੀਤੀ ਜਾਂਦੀ ਹੈ। ਸਲਾਹ-ਮਸ਼ਵਰੇ ਤੋਂ ਮਲਿੀ ਫੀਡਬੈਕ ਦੇ ਅਧੀਨ, ਬਦਲਵੇਂ ਤਰੀਕਆਿਂ 'ਤੇ ਵੀ ਵਚਿਾਰ ਕੀਤਾ ਜਾ ਸਕਦਾ ਹੈ।

### ਫੀਡਬੈਕ ਲੋੜੀਦੀ ਹੈ

ਕੀ ਸਾਊਥ ਆਸਟ੍ਰੇਲੀਆ ਨੂੰ ਪਲਾਸਟਿਕ ਦੀ ਪਰਤ ਵਾਲੀਆਂ ਪਲੇਟਾਂ ਅਤੇ ਕਟੋਰਿਆਂ ਨੂੰ ਇਹਨਾਂ ਗੱਲਾਂ ਲਈ ਵਿਚਾਰਨਾ ਚਾਹੀਦਾ ਹੈ:

- ਇਹਨਾਂ ਵਸਤੂਆਂ ਲਈ ਸਮਾਂਬੱਧ ਛੋਟ ਪ੍ਰਦਾਨ ਕਰਨਾ?
- ਪਲਾਸਟਿਕ-ਦੀ-ਪਰਤ ਵਾਲੀਆਂ ਪਲੇਟਾਂ ਸਮੇਤ, ਪਲਾਸਟਿਕ ਵਾਲੀਆਂ ਸਾਰੀਆਂ ਡਿਸਪੋਜ਼ੇਬਲ ਪਲੇਟਾਂ ਅਤੇ ਕਟੋਰਿਆਂ ਦੀ ਵਿਕਰੀ, ਸਪਲਾਈ ਜਾਂ ਵੰਡ 'ਤੇ ਪਾਬੰਦੀ ਲਗਾਉਣਾ?
- ਉੱਪਰ ਦੱਸੇ ਗਏ ਵਿਕਲਪਿਕ ਉਪਾਅ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਵਿਚਾਰਨਾ ਚਾਹੀਦਾ ਹੈ?

ਕੀ ਇਹਨਾਂ ਨਿਯਮਾਂ ਵਿੱਚੋਂ ਕਿਸੇ ਨਾਲ ਵੀ ਕੋਈ ਸਮੱਸਿਆਵਾਂ ਜਾਂ ਸੰਭਾਵੀ ਅਣਇੱਛਤ ਸਿੱਟੇ ਸੰਬੰਧ ਰੱਖਦੇ ਹਨ ਜਿਸ ਵਿੱਚ ਅਪਾਹਜਤਾ ਵਾਲੇ ਲੋਕਾਂ 'ਤੇ ਕੋਈ ਸੰਭਾਵੀ ਪ੍ਰਭਾਵ ਸ਼ਾਮਲ ਹਨ?

## 3.2 ਪਲਾਸਟਕਿ ਦੇ ਕਟੋਰੇ ਜੋ ਮਨੁੱਖੀ ਭੋਜਨ ਨੂੰ ਖਾਣ ਲਈ ਨਹੀਂ ਵਰਤੇ ਜਾਂਦੇ ਹਨ

ਸਾਊਥ ਆਸਟ੍ਰੇਲੀਆ ਦੇ ਕਾਨੂੰਨ ਨੂੰ ਮੈਡੀਕਲ, ਵਗਿਆਿਨਕ, ਕਾਨੂੰਨ ਲਾਗੂ ਕਰਨ ਜਾਂ ਫੋਰੈਂਸਕਿ ਉਦੇਸ਼ਾਂ ਲਈ ਵਰਤੇ ਜਾਣ ਵਾਲੇ ਇੱਕ-ਵਾਰ-ਵਰਤੋਂ ਵਾਲੇ ਪਲਾਸਟਕਿ ਦੇ ਕਟੋਰਿਆਂ ਲਈ ਛੋਟ ਪ੍ਰਦਾਨ ਕਰਨ ਲਈ ਤਆਿਰ ਕੀਤਾ ਗਆਿ ਹੈ, ਪਰ ਲੋਕਾਂ ਨੂੰ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਪਰੋਸਣ ਲਈ ਵਰਤੇ ਜਾਣ ਵਾਲੇ ਕਟੋਰਿਆਂ ਲਈ ਇਹ ਛੋਟ ਸ਼ਾਮਲ ਨਹੀਂ ਹੈ।

ਇਹ ਪ੍ਰਸਤਾਵਤਿ ਛੋਟ ਨੂੰ ਓਪਰੇਟਗਿ ਥਇਿਟਰਾਂ ਵਚਿ ਵਰਤੇ ਜਾਣ ਵਾਲੇ ਸਟਰਾਇਲ(ਰੋਗਾਣੂ-ਮੁਕਤ) ਕੀਤੇ ਇੱਕ-ਵਾਰ-ਵਰਤੋਂ ਵਾਲੇ ਕਟੋਰੇ ਅਤੇ ਵੈਟਰਨਰੀ ਕਲੀਨਕਿਾਂ ਵਚਿ ਵਰਤੇ ਜਾਣ ਵਾਲੇ ਸਟਰਾਇਲ ਕਟੋਰਿਆਂ ਵਰਗੀਆਂ ਉਦਾਹਰਨਾਂ ਨੂੰ ਸ਼ਾਮਲਿ ਕਰਨ ਲਈ ਵਕਿਸਤ ਕੀਤਾ ਗਆਿ ਹੈ, ਅਤੇ ਨਊਿ ਸਾਊਥ ਵੇਲਜ਼ ਵਚਿ ਉਹਨਾਂ ਦੇ ਇੱਕ-ਵਾਰ-ਵਰਤੋਂ ਵਾਲੇ ਪਲਾਸਟਕਿ ਕਾਨੂੰਨ 'ਤੇ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਛੋਟਾਂ ਦੁਆਰਾ ਜਾਣਕਾਰੀ ਯੁਕਤ ਕੀਤਾ ਗਆਿ ਹੈ।

### ਫੀਡਬੈਕ ਲੋੜੀਦੀ ਹੈ

ਕੀ ਪ੍ਰਸਤਾਵਿਤ ਛੋਟਾਂ ਢੁੱਕਵੀਆਂ ਹਨ, ਅਤੇ ਕੀ ਕੋਈ ਹੋਰ ਉਦਯੋਗ ਹਨ ਜਿਨ੍ਹਾਂ ਨੂੰ ਇੱਕ-ਵਾਰ-ਵਰਤੋਂ ਵਾਲੇ ਪਲਾਸਟਿਕ ਕਟੋਰਿਆਂ ਲਈ ਛੋਟ ਦੀ ਲੋੜ ਹੋ ਸਕਦੀ ਹੈ?

ਕੀ ਇਸ ਕਾਨੂੰਨ ਨਾਲ ਕੋਈ ਸਮੱਸਿਆਵਾਂ ਜਾਂ ਸੰਭਾਵੀ ਅਣਇੱਛਤ ਸਿੱਟੇ ਸੰਬੰਧ ਰੱਖਦੇ ਹਨ?

